# ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ
# ਸਟੇਟ ਪ੍ਰਾਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-A, ਚੰਡੀਗੜ, ਫੋਨ ਨੰ: 0172-5015864, 5015865 ਈਮੇਲ: iedpunjabssa@gmail.com

ਵੱਲ

**ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਅਤੇ (ਸੈ.ਸਿ.)**
**ਪੰਜਾਬ।**

ਮੀਮੋ ਨੰ: ਆਈ.ਈ.ਡੀ./ਸਸਅ/2013/3448-3491 ਮਿਤੀ: 18/02/2013

ਵਿਸ਼ਾ: **ਕੈਂਸਰ ਤੋਂ ਪੀੜਤ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਮੋਹਨ ਦਾਈ ਓਸਵਾਲ ਹਸਪਤਾਲ ਲੁਧਿਆਣਾ ਤੋਂ ਇਲਾਜ ਤੋਂ ਬਾਅਦ ਡਿਸਚਾਰਜ ਹੋਣ ਉਪਰੰਤ ਮੁਫਤ ਦਵਾਈਆਂ ਉਪਲਬਧ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਡਾਇਰੈਕਟਰ, ਸਿਹਤ ਸੇਵਾਵਾਂ ਪਰਿਵਾਰ ਭਲਾਈ ਵਿਭਾਗ, ਪੰਜਾਬ ਦੇ ਪੱਤਰ ਨੰਬਰ ਐਚ.ਈ.ਐਨ./ਪੰ/2012/2642 ਮਿਤੀ 15/11/2012 ਦੇ ਹਵਾਲੇ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਐਨ.ਆਰ.ਐਚ.ਐਮ. ਸਕੀਮ ਅਧੀਨ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਕੈਂਸਰ ਤੋਂ ਪੀੜਤ ਜਿਹੜੇ ਵਿਦਿਆਰਥੀਆਂ ਦਾ ਇਲਾਜ ਮੋਹਨ ਦਾਈ ਓਸਵਾਲ ਹਸਪਤਾਲ, ਲੁਧਿਆਣਾ ਵਿਖੇ ਚੱਲ ਰਿਹਾ ਹੈ ਅਤੇ ਹਸਪਤਾਲ ਤੋਂ ਡਿਸਚਾਰਜ ਹੋਣ ਉਪਰੰਤ ਵੀ ਜਾਰੀ ਰਹਿੰਦਾ ਹੈ, ਉਹਨਾਂ ਬੱਚਿਆਂ ਨੂੰ ਘਰ ਵਿੱਚ ਖਾਣ ਵਾਸਤੇ ਦਵਾਈਆਂ ਹਸਪਤਾਲ ਵੱਲੋਂ ਹੀ ਮੁਹੱਈਆ ਕਰਵਾਈਆਂ ਜਾਣਗੀਆਂ ਤਾਂ ਜੋ ਉਹਨਾਂ ਦੇ ਇਲਾਜ ਵਿੱਚ ਕੋਈ ਵਿਘਨ ਨਾ ਪਵੇ। ਉਕਤ ਦਵਾਈਆਂ ਉੱਤੇ ਆਉਣ ਵਾਲਾ ਖਰਚਾ ਹਸਪਤਾਲ ਨੂੰ ਸਿਹਤ ਵਿਭਾਗ ਵੱਲੋਂ reimburse ਕੀਤਾ ਜਾਵੇਗਾ।

**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**

ਪਿੱਠ ਅੰਕਣ ਨੰਬਰ: ਆਈ.ਈ.ਡੀ./ਸਸਅ/2013 ਮਿਤੀ:

ਉਪਰੋਕਤ ਦਾ ਉਤਾਰਾ ਡਾਇਰੈਕਟਰ, ਸਿਹਤ ਸੇਵਾਵਾਂ ਪਰਿਵਾਰ ਭਲਾਈ ਵਿਭਾਗ, ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

-ਸਹੀ-

**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**

<u>ਨੱਥੀ:-</u> ਸਿਹਤ ਵਿਭਾਗ ਵੱਲੋਂ ਮੋਹਨ ਦਾਈ ਹਸਪਤਾਲ ਨੂੰ ਭੇਜੀ ਗਈ ਹਦਾਇਤ ਦੀ ਕਾਪੀ।

# GOVERNMENT OF PUNJAB
## *DEPARTMENT OF HEALTH & FAMILY WELFARE*
***Parivar Kalyan Bhawan, Sector 34-A, Chandigarh***

☎ No. 0172-5002189, 2600994, 2605595 **Fax:** 0172-5002189


*NATIONAL RURAL HEALTH MISSION*

ਨੰ: ਐਚ.ਟੀ.ਐਨ./ਪੰ/2012/ 2652 ਮਿਤੀ: 15/11/12

ਵੱਲ

ਮੈਨੇਜਰ ਓਪਰੇਸ਼ਨ,
ਮੋਹਨ ਦਈ ਓਸਵਾਲ ਕੈਂਸਰ ਟ੍ਰੀਟਮੈਂਟ ਅਤੇ
ਰਿਸਰਚ ਫਾਉਂਡੇਸ਼ਨ,
ਲੁਧਿਆਣਾ।

ਵਿਸ਼ਾ: **ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦਾ ਕੈਂਸਰ ਦਾ ਮੁਫਤ ਇਲਾਜ਼ ਸਕੂਲ ਹੈਲਥ ਪ੍ਰੋਗਰਾਮ (ਐਨ.ਆਰ.ਐਚ.ਐਮ.) ਅਧੀਨ ਕਰਵਾਉਣ ਸਬੰਧੀ ।**

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਪੜ੍ਹਦੇ ਕੈਂਸਰ ਦੀ ਬਿਮਾਰੀ ਤੋਂ ਪੀੜਿਤ ਜਿਨ੍ਹਾਂ ਵਿਦਿਆਰਥੀਆਂ ਦਾ ਇਲਾਜ਼ ਆਪ ਜੀ ਦੀ ਸੰਸਥਾ ਵਿਖੇ ਚਲ ਰਿਹਾ ਹੈ ਉਨ੍ਹਾਂ ਬੱਚਿਆਂ ਨੂੰ ਜਿਨ੍ਹਾਂ ਦਾ ਇਲਾਜ਼ ਹਸਪਤਾਲ ਵਿੱਚੋਂ ਡਿਸਚਾਰਜ ਹੋਣ ਉਪਰੰਤ ਵੀ ਜਾਰੀ ਰਹਿੰਦਾ ਹੈ ਨੂੰ ਘਰ ਖਾਣ ਵਾਸਤੇ ਦਵਾਈ ਦਾ ਉਪਬੰਧ ਕੀਤਾ ਜਾਵੇ ਤਾਂ ਜੋ ਉਨ੍ਹਾਂ ਦੇ ਇਲਾਜ਼ ਵਿੱਚ ਕੋਈ ਵਿਘਨ ਨਾ ਪਵੇ। ਦਵਾਈ ਦਾ ਬਿੱਲ ਇਸ ਦਫਤਰ ਨੂੰ ਅਦਾਇਗੀ ਲਈ ਭੇਜਿਆ ਜਾਵੇ।

ਐਸਿਸਟੈਂਟ ਡਾਇਰੈਕਟਰ ਸਿਹਤ ਸਿਖਿਆ
ਵਾਸਤੇ ਡਾਇਰੈਕਟਰ ਸਿਹਤ ਸੇਵਾਵਾਂ ਪਰਿਵਾਰ ਭਲਾਈ ਪੰਜਾਬ

212

17/11/2012